# ਵਿਸ਼ੇਸ਼ ਸਿੱਖਿਆ ਭਾਈਚਾਰੇ ਦੀ ਸ਼ਿਕਾਇਤ (SECC, General Overview of Special Education Community) ਪ੍ਰਕਿਰਿਆ ਦੀ ਆਮ ਸੰਖੇਪ ਜਾਣਕਾਰੀ

OSPI ਨੂੰ ਸ਼ਿਕਾਇਤਕਰਤਾ ਵੱਲੋਂ ਵਿਸ਼ੇਸ਼ ਸਿੱਖਿਆ ਭਾਈਚਾਰੇ ਦੀ ਇੱਕ ਮੁਕੰਮਲ ਸ਼ਿਕਾਇਤ ਪ੍ਰਾਪਤ ਹੁੰਦੀ ਹੈ। ਸ਼ਿਕਾਇਤ 'ਤੇ ਦਸਤਖਤ ਕਰਨ ਤੋਂ ਬਾਅਦ ਸ਼ਿਕਾਇਤ ਸਕੂਲ ਜਿਲ੍ਹੇ ਨੂੰ ਵੀ ਭੇਜ ਦਿੱਤੀ ਗਈ ਹੈ। (**ਦਿਨ 1**)

↓

OSPI ਸ਼ਿਕਾਇਤ ਨੂੰ ਖੋਲ੍ਹੇਗਾ ਅਤੇ ਸਕੂਲ ਜ਼ਿਲ੍ਹੇ ਅਤੇ ਸ਼ਿਕਾਇਤਕਰਤਾ ਨੂੰ ਜਾਂਚ ਲਈ ਮੁੱਦੇ(ਮੁੱਦਿਆਂ) ਤੋਂ ਜਾਣੂ ਕਰਵਾਉਂਦੇ ਹੋਏ ਈਮੇਲ ਪੱਤਰ ਭੇਜੇਗਾ। ਜ਼ਿਲ੍ਹਾ ਪੱਤਰ ਜ਼ਿਲ੍ਹੇ ਨੂੰ OSPI ਨੂੰ ਜਵਾਬ ਅਤੇ ਦਸਤਾਵੇਜ਼, ਜਿਵੇਂ ਕਿ IEPs, ਮੁਲਾਂਕਣ ਰਿਪੋਰਟਾਂ, ਈਮੇਲਾਂ ਦੀਆਂ ਕਾਪੀਆਂ, ਆਦਿ ਪ੍ਰਦਾਨ ਕਰਨ ਲਈ ਆਖੇਗਾ।

↓

ਜ਼ਿਲ੍ਹੇ ਕੋਲ ਜਾਂਚ ਨਾਲ ਸਬੰਧਤ ਮੁੱਦਿਆਂ ਦਾ ਜਵਾਬ ਦੇਣ ਲਈ **17 ਕੈਲੰਡਰ ਦਿਨ*** ਹੁੰਦੇ ਹਨ। * ਜਦੋਂ ਤੱਕ OSPI ਵੱਲੋਂ ਮਿਆਦ ਵਧਾਉਣ ਦੀ ਆਗਿਆ ਨਾ ਮਿਲ ਜਾਵੇ।

↓

OSPI ਨੂੰ ਸ਼ਿਕਾਇਤ ਸਬੰਧੀ ਜ਼ਿਲ੍ਹੇ ਦਾ ਜਵਾਬ ਪ੍ਰਾਪਤ ਹੁੰਦਾ ਹੈ ਅਤੇ ਉਹ ਇਸਦੀ ਇਹ ਯਕੀਨੀ ਬਣਾਉਣ ਲਈ ਸਮੀਖਿਆ ਕਰਦਾ ਹੈ ਕਿ ਸ਼ਿਕਾਇਤ ਵਿੱਚ ਅਣਪਛਾਤੇ ਰੱਖੇ ਗਏ ਵਿਦਿਆਰਥੀਆਂ ਦੀ ਨਿੱਜੀ ਪਛਾਣ ਨਾਲ ਸਬੰਧਤ ਜਾਣਕਾਰੀ ਹਟਾ ਦਿੱਤੀ ਗਈ ਹੋਵੇ।

↓

OSPI ਜਿਲ੍ਹੇ ਦੇ ਜਵਾਬ ਦੀ ਇੱਕ ਕਾਪੀ ਸ਼ਿਕਾਇਤਕਰਤਾ ਨੂੰ ਈਮੇਲ ਕਰ ਦਿੰਦਾ ਹੈ। *ਜੇਕਰ ਸ਼ਿਕਾਇਤਕਰਤਾ ਕੋੋਲ ਇਹ ਕਾਨੂੰਨੀ ਅਧਿਕਾਰ ਨਹੀਂ ਹੈ ਕਿ ਉਹ ਵਿਦਿਆਰਥੀ ਦੇ ਸਿੱਖਿਆ ਸਬੰਧੀ ਰਿਕਾਰਡਾਂ ਤੱਕ ਪਹੁੰਚ ਕਰ ਸਕੇ ਅਤੇ ਵਿਦਿਆਰਥੀ ਦੇ ਰਿਕਾਰਡਾਂ ਤੱਕ ਪਹੁੰਚ ਕਰਨ ਲਈ OSPI ਨੂੰ ਦਸਤਖਤ ਰੀਲੀਜ਼ ਪ੍ਰਦਾਨ ਨਹੀਂ ਕੀਤੀ ਹੈ ਤਾਂ OSPI ਸ਼ਿਕਾਇਤਕਰਤਾ ਨੂੰ ਵਿਦਿਆਰਥੀ ਦੇ ਵਿਦਿਅਕ ਰਿਕਾਰਡ ਪ੍ਰਦਾਨ ਨਹੀਂ ਕਰੇਗਾ।

↓

ਸ਼ਿਕਾਇਤਕਰਤਾ ਕੋਲ ਕਿਸੇ ਵੀ ਵਾਧੂ ਜਾਣਕਾਰੀ ਸਬੰਧੀ ਜਵਾਬ ਦੇਣ ਲਈ **10 ਕੈਲੰਡਰ ਦਿਨ*** ਹੁੰਦੇ ਹਨ ਜੋ ਅਜਿਹੀ ਜਾਣਕਾਰੀ ਹੁੰਦੀ ਹੈ ਜਿਸ ਸਬੰਧੀ ਉਹ ਚਾਹੁੰਦੇ ਹਨ ਕਿ OSPI ਜਾਂਚ ਦੇ ਹਿੱਸੇ ਵਜੋਂ ਇਸ ਉੱਤੇ ਵਿਚਾਰ ਕਰੇ। *ਜਦੋਂ ਤੱਕ OSPI ਵੱਲੋਂ ਮਿਆਦ ਵਧਾਉਣ ਦੀ ਆਗਿਆ ਨਾ ਮਿਲ ਜਾਵੇ।

↓

OSPI ਨੂੰ ਸ਼ਿਕਾਇਤਕਰਤਾ ਦਾ ਜਵਾਬ ਪ੍ਰਾਪਤ ਹੁੰਦਾ ਹੈ। OSPI ਸ਼ਿਕਾਇਤਕਰਤਾ ਦੇ ਜਵਾਬ ਦੀ ਇੱਕ ਕਾਪੀ ਜਿਲ੍ਹੇ ਨੂੰ ਈਮੇਲ ਕਰ ਦਿੰਦਾ ਹੈ।

↓

ਜਾਂਚ ਦੇ ਹਿੱਸੇ ਵਜੋਂ OSPI ਸ਼ਿਕਾਇਤਕਰਤਾ ਅਤੇ ਜ਼ਿਲ੍ਹੇ ਵੱਲੋਂ ਪ੍ਰਦਾਨ ਕੀਤੀ ਗਈ ਸਾਰੀ ਜਾਣਕਾਰੀ ਦੀ ਸਮੀਖਿਆ ਕਰਦਾ ਹੈ।

↓

ਲੋੜ ਪੈਣ 'ਤੇ, OSPI ਜ਼ਿਲ੍ਹੇ ਜਾਂ ਸ਼ਿਕਾਇਤਕਰਤਾ ਨੂੰ ਵਾਧੂ ਜਾਂ ਸਪੱਸ਼ਟ ਜਾਣਕਾਰੀ ਪ੍ਰਦਾਨ ਕਰਨ ਲਈ ਆਖੇਗਾ। OSPI ਇੰਟਰਵਿਊ ਲੈ ਸਕਦਾ ਹੈ ਜਾਂ ਉਸ ਸਥਾਨ 'ਤੇ ਜਾ ਕੇ ਕਲਾਸਰੂਮ ਵਿੱਚ ਪਹੁੰਚ ਵੀ ਕਰ ਸਕਦਾ ਹੈ।

↓

OSPI ਜਿਲ੍ਹੇ ਅਤੇ ਸ਼ਿਕਾਇਤਕਰਤਾ ਨੂੰ OSPI ਵੱਲੋਂ ਸ਼ਿਕਾਇਤ ਪ੍ਰਾਪਤ ਹੋਣ ਦੀ ਮਿਤੀ ਦੇ **60 ਕੈਲੰਡਰ ਦਿਨਾਂ** ਤੱਕ ਇੱਕ ਲਿਖਤੀ ਫੈਸਲਾ ਈਮੇਲ ਕਰਦਾ ਹੈ। (**ਦਿਨ 60**)

ਵਿਸ਼ੇਸ਼ ਸਿੱਖਿਆ ਭਾਈਚਾਰੇ ਦੀ ਸ਼ਿਕਾਇਤ (SECC, General Overview of Special Education Community) ਪ੍ਰਕਿਰਿਆ ਦੀ ਆਮ ਸੰਖੇਪ ਜਾਣਕਾਰੀ ਵੱਲੋਂ ਪਬਲਿਕ ਇੰਸਟ੍ਰਕਸ਼ਨ ਦੇ ਸੁਪਰਡੈਂਟ ਦਾ ਦਫ਼ਤਰਜੋ ਕਰੀਏਟਿਵ ਕਾਮਨਜ਼ ਐਟਰੀਬਿਊਸ਼ਨ ਲਾਇਸੈਂਸ ਅਧੀਨ ਲਾਇਸੰਸ ਪ੍ਰਾਪਤ ਹੈ।

ਨਵੰਬਰ 2021